१ओंकार सतिगुर प्रसादि ।।

# ਸੰਸਾਰ ਦਾ ਸਭ ਤੋਂ ਅਨੋਖਾ ਯੁੱਧ

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟ੍ਰਸਟ, ਚੰਡੀਗੜ੍ਹ

ਲੇਖਕ–ਜਸਵੀਰ ਸਿੰਘ Ph. : (0172-2696891), 09988160484

Download Free

# ਸੰਸਾਰ ਦਾ ਸਭ ਤੋਂ ਅਨੋਖਾ ਯੁੱਧ

## ਸ਼ਹੀਦ ਦੀ ਪਰਿਭਾਸ਼ਾ

ਜੋ ਮਨੁੱਖ ਲਗਾਤਾਰ ਚੁਣੌਤੀ ਮਿਲਣ ਤੇ ਵੀ ਆਪਣੇ ਆਦਰਸ਼ ਲਈ ਦ੍ਰਿੜ ਇਰਾਦੇ ਨਾਲ ਜੂਝਦਾ ਹੋਇਆ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦੇਵੇ ਅਰਥਾਤ ਕੁਰਬਾਨ ਹੋ ਜਾਵੇ ਪਰ ਆਪਣੀ ਧਾਰਨਾ ਵਿਚ ਤਬਦੀਲੀ ਨਾ ਲਿਆਵੇ, ਅਜਿਹੇ ਬਲਿਦਾਨੀ ਮਨੁੱਖ ਨੂੰ ਸ਼ਹੀਦ ਕਹਿੰਦੇ ਹਨ। ਦੂਜੇ ਸ਼ਬਦਾਂ ਵਿਚ ਜਿਸ ਮਨੁੱਖ ਨੂੰ ਆਪਣੀ ਜਾਨ ਬਚਾਉਣ ਲਈ ਦੁਸ਼ਮਣਾਂ ਵਲੋਂ ਘੱਟੋ ਘੱਟ ਇੱਕ ਮੌਕਾ ਦਿੱਤਾ ਜਾਵੇ ਪਰ ਫਿਰ ਵੀ ਉਹ ਆਪਣੇ ਆਦਰਸ਼ਵਾਦੀ ਮਾਰਗ ਨੂੰ ਤਿਆਗਣ ਲਈ ਤਿਆਰ ਨਾ ਹੋਵੇ, ਉਹ ਸ਼ਹੀਦ ਅਖਵਾਉਂਦਾ ਹੈ। ਰਣ-ਭੂਮੀ ਵਿਚ ਲੜਦੇ ਸੈਨਿਕਾਂ ਤੇ ਵੀ ਇਹੀ ਸਿਧਾਂਤ ਲਾਗੂ ਹੁੰਦਾ ਹੈ। ਉਨ੍ਹਾਂ ਨੂੰ ਵੀ ਵਿਰੋਧੀ ਧਿਰ ਦੇ ਸੈਨਿਕ ਹਥਿਆਰ ਸੁੱਟਣ ਲਈ ਮਜਬੂਰ ਕਰਦੇ ਹਨ, ਯਾ ਰਣ ਵਿਚੋਂ ਭੱਜਣ ਦਾ ਪੂਰਾ ਮੌਕਾ ਦੇਂਦੇ ਹਨ ਪਰ ਦੇਸ਼ ਭਗਤ ਸੈਨਿਕ ਅਜਿਹਾ ਨਹੀਂ ਕਰਦੇ, ਦੇਸ਼ ਦੇ ਕੰਮ ਆਉਣ ਨੂੰ ਹੀ ਉਹ ਆਪਣੀ ਮੰਜ਼ਿਲ ਮੰਨਦੇ ਹਨ। ਅਰਥਾਤ ਜਿੱਤ ਜਾਂ ਮੌਤ ਵਿਚੋਂ ਕਿਸੇ ਇੱਕ ਦੀ ਪ੍ਰਾਪਤੀ ਦੀ ਇੱਛਾ ਹੀ ਉਨ੍ਹਾਂ ਨੂੰ ਸ਼ਹੀਦ ਦਾ ਦਰਜਾ ਦੇਂਦੀ ਹੈ।

ਲੇਖਕ : ਸ੍ਰੀ ਜਸਬੀਰ ਸਿੰਘ

## ਪਿਛੋਕੜ-ਇਤਿਹਾਸ

ਇਹ ਬਹਾਦਰੀ ਦੀ ਕਹਾਣੀ ਉਨ੍ਹਾਂ ਸਾਹਿਬਜ਼ਾਦਿਆਂ ਦੀ ਹੈ, ਜਿਨ੍ਹਾਂ ਨੇ ਆਪਣੀ ਕਿਸ਼ੋਰ ਅਵਸਥਾ ਵਿੱਚ ਹੀ ਸ਼ਹਾਦਤ ਦਾ ਜਾਮ ਪੀ ਲਿਆ। ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮੇਂ ਦੇ ਹਾਕਮ ਔਰੰਗਜੇਬ ਨਾਲ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਸਨ। ਸਮਰਾਟ ਔਰੰਗਜੇਬ ਨੇ ਲੰਬੇ ਯੁੱਧ ਤੋਂ ਪਰੇਸ਼ਾਨ ਹੋ ਕੇ ਮਜਬੂਰੀ ਵੱਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਵਿਸ਼ੇਸ਼ ਸੰਧੀ ਦਾ ਸੁਨੇਹਾ ਭੇਜਿਆ। ਜਿਸ ਵਿਚ ਉਸਨੇ ਆਪ ਪੱਵਿਤਰ ਕੁਰਾਨ ਦੀ ਸਹੁੰ ਚੁੱਕ ਕੇ ਗੁਰੂਦੇਵ ਨੂੰ ਬੇਨਤੀ ਕੀਤੀ ਕਿ ਉਹ ਸੰਧੀ ਪੱਤਰ ਦੀ ਇਬਾਰਤ ਦੀਆਂ ਵਿਸ਼ੇਸ਼ ਧਾਰਾਵਾਂ ਦੇ ਅਨੁਸਾਰ ਦੇਸ਼ ਦੇ ਕਿਸੇ ਵੀ ਇਲਾਕੇ ਵਿਚ ਬਿਨ੍ਹਾਂ ਡਰ ਦੇ ਵਿਚਰ ਸਕਦੇ ਹਨ, ਉਨ੍ਹਾਂ ਦੇ ਜਾਨ-ਮਾਲ ਦੀ ਸੁਰੱਖਿਆ ਦੀ ਜਮਾਨਤ

ਦਿੱਤੀ ਜਾਵੇਗੀ। ਇਸ ਲਈ ਸ਼ਰਤ ਇਹ ਹੈ ਕਿ ਗੁਰੂਜੀ ਇੱਕ ਵਾਰ ਉਨ੍ਹਾਂ ਦੀ ਆਨ-ਸ਼ਾਨ ਬਣਾਈ ਰੱਖਣ ਦੇ ਲਈ ਆਨੰਦਪੁਰ ਦਾ ਕਿਲ੍ਹਾ ਖਾਲੀ ਕਰ ਦੇਣ। ਇਸ ਸਮੇਂ ਉਨ੍ਹਾਂ ਦੀ ਸੈਨਿਕ ਸ਼ਕਤੀ ਗੁਰੂਜੀ ਨੂੰ ਰਾਜ਼ੀ ਖੁਸ਼ੀ ਕਿਤੇ ਵੀ ਜਾਣ ਤੋਂ ਨਹੀਂ ਰੋਕੇਗੀ ਅਤੇ ਕਿਸੇ ਪ੍ਰਕਾਰ ਦੀ ਹਾਨੀ ਨਹੀਂ ਪਹੁੰਚਾਈ ਜਾਵੇਗੀ।

ਗੁਰੂਦੇਵ ਨੂੰ ਔਰੰਗਜੇਬ ਦੀਆਂ ਕੁਰਾਨ ਦੀਆਂ ਸਹੁੰਆਂ ਤੇ ਬਿਲਕੁਲ ਵੀ ਭਰੋਸਾ ਨਹੀਂ ਸੀ । ਉਹ ਜਾਣਦੇ ਸਨ ਕਿ ਰਾਜਨੀਤਕ ਲੋਕ (ਸ਼ਾਸਕ) ਛਲ-ਕਪਟੀ ਹੁੰਦੇ ਹਨ, ਇਸ ਲਈ ਉਹ ਬਹੁਤ ਚੇਤੰਨ ਸਨ। ਪਰ ਕਿਲ੍ਹੇ ਵਿਚ ਰਾਸ਼ਨ ਦੀ ਕਮੀ ਤੋਂ ਤੰਗ ਹੋ ਕੇ ਸਿੱਖ ਸੈਨਿਕਾਂ ਵਲੋਂ ਵੀ ਗੁਰੂਦੇਵ ਤੇ ਜ਼ੋਰ ਪਾਇਆ ਜਾ ਰਿਹਾ ਸੀ ਕਿ ਉਹ ਮੌਕੇ ਦਾ ਲਾਭ ਉਠਾ ਕੇ ਕਿਲ੍ਹੇ ਨੂੰ ਛੱਡ ਦੇਣ। ਇਸ ਪ੍ਰਕਾਰ ਸੰਧੀ ਦੀ ਧਾਰਾ ਦੋ ਦੇ ਅਨੁਸਾਰ ਗੁਰੂਦੇਵ ਨੂੰ ਕਿਲ੍ਹਾ ਛੱਡਣ ਤੇ ਪ੍ਰਸ਼ਾਸਨ ਵਲੋਂ ਸੁਰੱਖਿਆ ਦਿੱਤੀ ਜਾਣੀ ਸੀ। ਇਸ ਸੰਧੀ ਤੇ ਸਮਰਾਟ ਤੋਂ ਇਲਾਵਾ ਹੋਰ ਸਮਰੱਥ ਅਧਿਕਾਰੀਆਂ ਦੇ ਦਸਤਖਤ ਵੀ ਸਨ।

ਗੁਰੂਦੇਵ ਨੇ ਸਾਵਧਾਨੀ ਨਾਲ ਕੰਮ ਕਰਦਿਆਂ ਹੋਇਆਂ ਸਰਦੀ ਦੀ ਰੁੱਤ ਦੀ ਸਭ ਤੋਂ ਛੋਟੀ ਰਾਤ ਦੇ ਅੱਧ ੨੦ ਦਸੰਬਰ ੧੭੦੪ ਈ. ਨੂੰ ਅਚਾਨਕ ਆਨੰਦਪੁਰ (ਸਾਹਿਬ) ਦਾ ਕਿਲਾ ਤਿਆਗ ਦਿੱਤਾ। ਉਸ ਵੇਲੇ ਮੂਸਲਾਧਾਰ ਮੀਂਹ ਪੈ ਰਿਹਾ ਸੀ ਅਤੇ ਅਤਿ ਦੀ ਸਰਦੀ ਸੀ।

## “ਆਨੰਦਗੜ੍ਹ ਨੂੰ ਛੱਡਣਾ”

੨੦ ਦਸੰਬਰ, ਸੰਨ ੧੭੦੪ ਨੂੰ ਅੱਧੀ ਰਾਤ ਦਾ ਸਮਾਂ ਸੀ। ਪੰਜਾਬ ਵਿਚ ਸਰਦੀ ਦੀ ਰੁਤ ਸਿੱਖਰ ਤੇ ਸੀ। ਬਾਹਰ ਹੱਡੀਆਂ ਨੂੰ ਬੇਜਾਨ ਕਰ ਦੇਣ ਵਾਲੀ ਠੰਢ ਸੀ, ਕਿਉਂਕਿ ਦੋ ਦਿਨਾਂ ਤੋਂ ਲਗਾਤਾਰ ਭਾਰੀ ਮੀਂਹ ਪੈ ਰਿਹਾ ਸੀ ਤੇ ਬੂੰਦਾਂ ਬਾਂਦੀ ਅਜੇ ਵੀ ਹੋ ਰਹੀ ਸੀ। ਆਨੰਦਪੁਰ ਵਿਚ ਸੰਨਾਟਾ ਸੀ। ਦੂਰ-ਦੂਰ ਤੱਕ ਫੈਲੇ ਮੁਗਲਾਂ ਦੇ ਫੌਜੀ ਕੈਂਪਾਂ ਵਿਚ ਚੁੱਪ ਪਸਰੀ ਹੋਈ ਸੀ। ਸੰਸਾਰ ਤਾਂ ਸੌਂ ਰਿਹਾ ਸੀ ਪਰ ਆਨੰਦਗੜ੍ਹ ਕਿਲ੍ਹੇ ਦੇ ਅੰਦਰ ਕੁਝ ਹਲਚਲ ਸੀ।

ਕੋਈ ਆਪਣਾ ਧਨ ਮਾਲ ਲੁਟਾ ਰਿਹਾ ਸੀ, ਕੀਮਤੀ ਚੀਜਾਂ ਨੂੰ ਅਗਨੀ ਭੇਂਟ ਕਰਕੇ ਅਤੇ ਜ਼ਮੀਨ ਵਿਚ ਦਬਾ ਕੇ। ਗੁਰੂ ਗੋਬਿੰਦ ਸਿੰਘ ਜੀ ਦੀ ਆਨੰਦਪੁਰ ਦੇ ਕਿਲ੍ਹੇ ਵਿਚ ਇਹ ਆਖਰੀ ਰਾਤ ਸੀ। ਕੱਲ੍ਹ ਸਵੇਰੇ ਪਤਾ ਨਹੀਂ ਉਹ ਕਿੱਥੇ ਅਤੇ ਉਨ੍ਹਾਂ ਦੇ ਬੱਚੇ ਕਿੱਥੇ ਹੋਣਗੇ?

ਆਨੰਦਪੁਰ ਛੱਡਣ ਤੋਂ ਪਹਿਲਾਂ ਉਹ ਬਿਲਕੁਲ ਖਾਲੀ ਅਤੇ ਹਲਕੇ ਹੋ ਕੇ ਜਾਣਾ ਚਾਹੁੰਦੇ ਸਨ। ਸਾਰਾ ਕੁਝ ਸੁਆਹ ਕਰਕੇ। ਜੋ ਅੱਗ ਸੰਭਾਲ ਨਾ ਸਕੇ, ਉਸ ਨੂੰ ਧਰਤੀ ਦੇ ਸਪੁਰਦ ਕਰਕੇ, ਤਾਂ ਜੋ ਦੁਸ਼ਮਣ ਦੇ ਨਾਪਾਕ ਹੱਥ ਇਨ੍ਹਾਂ ਚੀਜ਼ਾਂ ਨੂੰ ਅਪੱਵਿਤਰ ਨਾ ਕਰ ਸਕਣ, ਇਨ੍ਹਾਂ ਦੀ ਦੁਰਗਤੀ ਨਾ ਹੋਵੇ।

ਅੱਧੀ ਰਾਤ ਲੰਘ ਗਈ। ਤਾਰਿਆਂ ਦੀ ਮੱਧਮ ਰੋਸ਼ਨੀ ਵਿੱਚ ਖੁੰਭ ਵਾਂਗ ਸਿੱਧਾ, ਲੰਬਾ, ਗੋਡਿਆਂ ਨੂੰ ਛੂਹਣ ਵਾਲੀਆਂ ਸਡੌਲ ਬਾਹਾਂ ਵਾਲਾ, ਛਾਤੀ ਤਣੀ ਹੋਈ ਇਕ ਨੂਰਾਨੀ ਚਿਹਰਾ ਕਿਲ੍ਹੇ ਤੋਂ ਬਾਹਰ ਨਿਕਲਿਆ। ਮਰਦ ਅਗੰਮੜਾ ਗੁਰੂ ਗੋਬਿੰਦ ਸਿੰਘ ਆਨੰਦਪੁਰ ਛੱਡ ਕੇ ਜਾ ਰਿਹਾ ਸੀ।

ਅੱਗੇ-ਅੱਗੇ ਦੋ ਸੂਰਮੇ ਸਨ। ਸੱਜੇ ਪਾਸੇ ਮੋਹਕਮ ਸਿੰਘ ਅਤੇ ਸਾਹਿਬ ਸਿੰਘ, ਪਿੱਛੇ-ਪਿੱਛੇ ਗੁਰੂ ਸਾਹਿਬ ਦੇ ਦੋ ਵੱਡੇ ਲਾਲ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ, ਦੋਹਾਂ ਦੇ ਹੱਥਾਂ ਵਿਚ ਤੀਰ-ਕਮਾਨ ਸਨ। ਇਨ੍ਹਾਂ ਦੇ ਪਿੱਛੇ ਭਾਈ ਹਿੰਮਤ ਸਿੰਘ ਸਿੱਕਾ ਬਾਰੂਦ ਅਤੇ ਤੋਪ ਦਾ ਤੋੜਾ ਮੋਢਿਆਂ ਤੇ ਚੁੱਕੀ ਆ ਰਿਹਾ ਸੀ। ਉਸ ਦੇ ਨਾਲ ਨਾਲ ਗੁਲਾਬ ਰਾਇ, ਸ਼ਾਮ ਸਿੰਘ ਅਤੇ ਗੁਰੂਜੀ ਦੇ ਦੂਜੇ ਸੰਗੀ ਸਾਥੀ ਚੱਲ ਰਹੇ ਸਨ। ਅਖੀਰਲੀ ਲਾਈਨ ਵਿੱਚ ਗੁਰੂਜੀ ਦੇ ਨੌਕਰ-ਚਾਕਰ ਅਤੇ ਪੰਜ ਸੌ ਇੱਕ (੫੦੧) ਭੁੱਖ ਦੇ ਸਤਾਏ ਹੋਏ ਸਿੱਖ। ਗੁਰੂਜੀ ਦੀ ਮਾਤਾ ਜੀ, ਛੋਟੇ ਦੋ ਸਾਹਿਬਜ਼ਾਦਿਆਂ ਦੇ ਨਾਲ ਸਭ ਤੋਂ ਪਹਿਲਾਂ ਰਵਾਨਾ ਕੀਤੇ ਜਾ ਚੁੱਕੇ ਸਨ। ਉਨ੍ਹਾਂ ਦੇ ਨਾਲ ਗੁਰੂ ਸਾਹਿਬ ਜੀ ਦੀਆਂ ਧਰਮ-ਪਤਨੀਆਂ ਸੁੰਦਰੀ ਜੀ ਅਤੇ ਸਾਹਿਬ ਕੌਰ ਜੀ ਵੀ ਚਲੀਆਂ ਗਈਆਂ ਸਨ।

ਇਹ ਲੋਕ ਆਨੰਦਪੁਰ ਤੋਂ ਕਿੱਥੇ ਜਾ ਰਹੇ ਸਨ? ਇਹ ਤਾਂ ਉਨ੍ਹਾਂ ਨੂੰ ਵੀ ਪਤਾ ਨਹੀਂ ਸੀ, ਅਕਾਲ ਪੁਰਖ ਦੇ ਭਰੋਸੇ ਜਾ ਰਹੇ ਸਨ। ਅਣਖ ਦੇ ਲਈ ਤਾਜ, ਤਖਤ ਤਿਆਗਣ ਵਾਲੇ ਵਿਅਕਤੀਆਂ ਦਾ ਇਹ ਕਾਫਲਾ ਬਿਨ੍ਹਾਂ ਮੰਜ਼ਿਲ ਦਾ ਪਤਾ ਲਗਾਏ ਚੱਲ ਪਿਆ। ਅਸਲ ਵਿਚ ਇਨ੍ਹਾਂ ਦਾ ਹਰ-ਕਦਮ ਮੰਜ਼ਿਲ ਸੀ।

## ਆਨੰਦਪੁਰ ਤੋਂ ਚਾਲੇ ਪਾਉਣੇ

ਅਜੇ ਗੁਰੂ ਸਾਹਿਬ ਸਰਸਾ ਨਦੀ ਦੇ ਇਸ ਪਾਰ ਹੀ ਸਨ ਕਿ ਸਵੇਰ ਹੋ ਗਈ। ਇਸ ਅੰਮ੍ਰਿਤ ਵੇਲੇ ਦੇ ਸਮੇਂ ਹਰ ਰੋਜ਼ ਆਨੰਦਗੜ੍ਹ ਵਿਚ "ਆਸਾ ਦੀ ਵਾਰ" ਦਾ ਦੀਵਾਨ ਸਜਾਇਆ ਜਾਂਦਾ ਸੀ ਅਤੇ ਸਿੱਖ ਭਗਤੀ ਵਿਚ ਜੁੜ ਕੇ ਕੀਰਤਨ ਦਾ ਰਸ ਲੈਂਦੇ ਸਨ। ਇਸ ਵੇਲੇ ਪ੍ਰਮਾਤਮਾ ਨਾਲ ਧਿਆਨ ਲਗਾਉਣ ਦੀ ਆਦਤ ਪੱਕੀ ਹੋਣ ਕਰਕੇ ਸਿੱਖਾਂ ਨੂੰ ਕੁਝ ਗੁਆਚਿਆ ਗੁਆਚਿਆ ਜਿਹਾ ਮਹਿਸੂਸ

ਹੋ ਰਿਹਾ ਸੀ। ਕਈ ਸਾਲਾਂ ਵਿਚ ਅੱਜ ਪਹਿਲੀ ਵਾਰ ਉਹ "ਆਸਾ ਦੀ ਵਾਰ" ਦਾ ਸਮਾਂ ਟਾਲਣ ਤੇ ਮਜ਼ਬੂਰ ਸਨ। ਕੁਝ ਗਜਾਂ ਦੀ ਦੂਰੀ ਤੇ ਬੈਠੀ ਦੁਸ਼ਮਣ ਦੀ ਫੌਜ਼ ਤੋਂ ਬਚ ਕੇ ਉਹ ਚੁੱਪਚਾਪ ਜਾ ਰਹੇ ਸਨ। ਕੀਰਤਨ ਕਰਨਾ ਦੁਸ਼ਮਣ ਨੂੰ ਸੱਦ ਕੇ ਮੁਸੀਬਤ ਮੁੱਲ ਖਰੀਦਣਾ ਸੀ। ਪਰ ਇਸ ਟੋਲੇ ਦਾ ਸਰਦਾਰ ਉਹ ਵਿਅਕਤੀ ਸੀ ਜਿਸ ਦੀਆਂ ਨਜ਼ਰਾਂ ਵਿਚ ਅਕਾਲ-ਪੁਰਖ ਦੀ ਬੰਦਗੀ ਦੇ ਸਾਹਮਣੇ ਦੁਨੀਆ ਦੀਆਂ ਸਭ ਚੀਜ਼ਾਂ ਫਜ਼ੂਲ ਸਨ। ਗੁਰੂ ਗੋਬਿੰਦ ਸਿੰਘ ਜੀ ਭੌਤਿਕ ਚੀਜ਼ਾਂ, ਰਾਜ-ਰਜਵਾੜੇ, ਧਨ-ਦੌਲਤ ਅਤੇ ਆਪਣੀ ਜਾਨ ਨੂੰ ਵੀ ਤਿਆਗ ਸਕਦੇ ਸਨ, ਪਰ ਪ੍ਰਮਾਤਮਾ ਦਾ ਨਾਮ ਨਹੀਂ। ਇਹ ਗੁਰੂ ਨਾਨਕ ਜੀ ਦੀ ਆਰੰਭਿਕ ਦੇਣ ਸੀ ਅਤੇ ਸਾਰੇ ਗੁਰੂਆਂ ਦੀ ਧਰਮ-ਮਰਿਆਦਾ ।

ਦੁਸ਼ਮਣ ਦੇ ਹਮਲੇ ਦੀ ਕੋਈ ਚਿੰਤਾ ਨਾ ਕਰਕੇ ਗੁਰੂ ਸਾਹਿਬ ਨੇ ਆਗਿਆ ਦਿੱਤੀ ਕਿ ਹਰ-ਰੋਜ਼ ਦੀ ਤਰ੍ਹਾਂ "ਆਸਾ ਦੀ ਵਾਰ" ਹੋਵੇਗੀ। ਪ੍ਰਾਣ ਹਥੇਲੀ ਤੇ ਰੱਖ ਕੇ ਘੁੰਮਣ ਵਾਲਾ ਇਹ ਵਿਚਿੱਤਰ ਵਿਅਕਤੀ ਦਾ ਜਥਾ ਸਰਸਾ ਨਦੀ ਦੇ ਕਿਨਾਰੇ ਭਗਤੀ ਰਸ ਵਿਚ ਡੁੱਬ ਗਿਆ।

ਸਰਸਾ-ਨਦੀ ਦੀਆਂ ਜਲ-ਤਰੰਗਾਂ ਨੇ ਜੋ ਅਨਹਦ-ਨਾਦ ਸੁਣਿਆ, ਉਹ ਕੁਝ ਇਸ ਪ੍ਰਕਾਰ ਸੀ:-

"ਜਲਸ ਤੁੰਹੀ ॥ ਥਲਸ ਤੁੰਹੀ ॥ ਨਦਿਸ ਤੁੰਹੀ ॥ ਨਦਸ ਤੁੰਹੀ ॥

ਜਿਮੀ ਤੁਹੀ । ਜਮਾਂ ਤੁਹੀ । ਮਕੀਂ ਤੁਹੀ । ਮਕਾ ਤੁਹੀ ।

ਜਤਸ ਤੁਹੀ । ਬ੍ਰਤਸ ਤੁਹੀ । ਰਾਤਸ ਤੁਹੀ । ਮਤਸ ਤੁਹੀ ।

ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥

ਵਰ੍ਹਦੀਆਂ ਗੋਲੀਆਂ ਦੀ ਛਾਂ ਥੱਲੇ ਕੀਤਾ ਗਿਆ ਇਹ ਕੀਰਤਨ ਗੁਰੂ ਗੋਬਿੰਦ ਸਿੰਘ ਦੇ ਆਤਮਿਕ ਝੁਕਾਉ ਅਤੇ ਰੂਹਾਨੀ ਕਦਰਾਂ ਕੀਮਤਾਂ ਦਾ ਭੌਤਿਕ ਫਰਜ਼ਾਂ ਤੇ ਹਾਵੀ ਹੋਣ ਦਾ ਸੁੱਚਾ ਤੇ ਉੱਚਾ ਨਮੂਨਾ ਪੇਸ਼ ਕਰਦਾ ਸੀ ।

ਗਊ ਅਤੇ ਕੁਰਾਨ ਦੀਆਂ ਸਹੁੰਆਂ ਚੁੱਕ ਕੇ ਗੁਰੂ ਸਾਹਿਬ ਨੂੰ ਸਹੀ ਸਲਾਮਤ ਆਨੰਦਪੁਰ ਤੋਂ ਬਾਹਰ ਜਾਣ ਦਾ ਭਰੋਸਾ ਦਿਵਾਉਣ ਵਾਲਿਆਂ ਨੂੰ ਜਦ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਆਪਣੇ ਪ੍ਰੀਵਾਰ ਅਤੇ ਸਿੱਖਾਂ ਸਮੇਤ ਸਰਸਾ ਨਦੀ ਦੇ ਕਿਨਾਰੇ ਪਹੁੰਚ ਗਏ ਹਨ ਤਾਂ ਉਹ ਸਾਰੇ ਵਾਅਦੇ, ਇਕਰਾਰ ਅਤੇ ਸਹੁੰਆਂ ਭੁੱਲ ਗਏ। ਇੱਕ ਪਾਸੇ ਤਾਂ ਆਨੰਦਪੁਰ ਸ਼ਹਿਰ ਤੇ ਹਮਲਾ ਕਰਕੇ ਸ਼ਹਿਰ ਨੂੰ ਬੁਰੀ ਤਰ੍ਹਾਂ ਲੁੱਟਿਆ। ਦੂਜੇ ਪਾਸੇ ਸਿੱਖਾਂ ਦੇ ਪਿੱਛੇ ਫੌਜ਼ ਭੇਜ ਦਿੱਤੀ।

# "ਚਮਕੌਰ ਦਾ ਯੁੱਧ"

ਕੀਰਤਪੁਰ ਸਾਹਿਬ ਤੋਂ ਲਗਭਗ ਚਾਰ ਕੋਹ ਦੀ ਦੂਰੀ ਤੇ ਸਰਸਾ ਨਦੀ ਹੈ। ਜਿਸ ਵੇਲੇ ਸਿੱਖਾਂ ਦਾ ਕਾਫਲਾ ਇਸ ਬਰਸਾਤੀ ਨਦੀ ਦੇ ਕਿਨਾਰੇ ਪਹੁੰਚਿਆ ਤਾਂ ਇਸ ਨਦੀ ਵਿਚ ਭਿਆਨਕ ਹੜ੍ਹ ਆਇਆ ਹੋਇਆ ਸੀ ਅਤੇ ਪਾਣੀ ਬੜੇ ਜ਼ੋਰਾਂ ਤੇ ਸੀ। ਇਸ ਸਮੇਂ ਸਿੱਖ ਭਾਰੀ ਮੁਸੀਬਤ ਵਿਚ ਘਿਰ ਗਏ। ਉਨ੍ਹਾਂ ਦੇ ਪਿਛਲੇ ਪਾਸਿਉਂ ਤਾਂ ਦੁਸ਼ਮਣ ਫੌਜ਼ਾਂ ਮਾਰੋ-ਮਾਰ ਕਰਦੀਆਂ ਆ ਰਹੀਆਂ ਸਨ ਅਤੇ ਸਾਹਮਣੇ ਸਰਸਾ ਨਦੀ ਫੁੰਕਾਰੇ ਮਾਰ ਰਹੀ ਸੀ। ਅੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, "ਕੁਝ ਸੈਨਿਕ ਇਥੇ ਹੀ ਦੁਸ਼ਮਣ ਨੂੰ ਯੁੱਧ ਵਿਚ ਉਲਝਾ ਕੇ ਰੱਖੋ ਅਤੇ ਜੋ ਸਰਸਾ ਪਾਰ ਕਰਨ ਦੀ ਹਿੰਮਤ ਤੇ ਯੋਗਤਾ ਰੱਖਦੇ ਹਨ ਉਹ ਆਪਣੇ ਘੋੜੇ ਸਮੇਤ ਸਰਸਾ ਦੇ ਵੇਗ ਨਾਲ ਨਦੀ ਪਾਰ ਕਰਨ ਦਾ ਯਤਨ ਕਰਨ। ਇਸੇ ਤਰ੍ਹਾਂ ਹੀ ਕੀਤਾ ਗਿਆ। ਭਾਈ ਉਦੈ ਸਿੰਘ ਅਤੇ ਜੀਵਨ ਸਿੰਘ ਆਪਣੇ ਆਪਣੇ ਜੱਥੇ ਲੈ ਕੇ ਦੁਸ਼ਮਣ ਨਾਲ ਭਿੜ ਗਏ। ਏਨੇ ਵਿਚ ਗੁਰੂਜੀ ਸਰਸਾ ਨਦੀ ਪਾਰ ਕਰਨ ਵਿਚ ਸਫਲ ਹੋ ਗਏ। ਸੈਂਕੜੇ ਸਿੰਘ ਸਰਸਾ ਨਦੀ ਪਾਰ ਕਰਦੇ ਹੋਏ ਮੌਤ ਦਾ ਸ਼ਿਕਾਰ ਹੋ ਗਏ ਕਿਉਂਕਿ ਪਾਣੀ ਦਾ ਵੇਗ ਬਹੁਤ ਤੇਜ ਸੀ। ਕਈ ਤਾਂ ਪਾਣੀ ਦੇ ਵੇਗ ਵਿਚ ਵਹਿ ਕੇ ਕਈ ਕੋਹ ਦੂਰ ਪਹੁੰਚ ਗਏ। ਪੋਹ ਮਹੀਨੇ ਦੇ ਦਿਨ ਸਨ, ਸਰਦੀ ਦਾ ਮੀਂਹ, ਨਦੀ ਦਾ ਬਰਫੀਲਾ ਠੰਡਾ ਪਾਣੀ ਇਸ ਸਭ ਨੇ ਗੁਰੂਜੀ ਦੇ ਸੈਨਿਕਾਂ ਦੇ ਸਰੀਰਾਂ ਨੂੰ ਸੁੰਨ ਕਰ ਦਿੱਤਾ। ਇਸ ਕਰਕੇ ਦੁਸ਼ਮਣ ਸੈਨਾ ਨੇ ਸਰਸਾ ਨਦੀ ਪਾਰ ਕਰਨ ਦਾ ਹੌਂਸਲਾ ਨਹੀਂ ਕੀਤਾ।

ਸਰਸਾ ਨਦੀ ਪਾਰ ਕਰਨ ਪਿੱਛੋਂ ਚਾਲੀ ਸਿੱਖ ਤੇ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੇ ਇਲਾਵਾ ਗੁਰੂਜੀ ਆਪ ਕੁਲ ਮਿਲਾ ਕੇ ੪੩ ਵਿਅਕਤੀਆਂ ਦੀ ਗਿਣਤੀ ਹੋਈ। ਨਦੀ ਦੇ ਇਸ ਪਾਸੇ ਭਾਈ ਉਦੈ ਸਿੰਘ ਅਤੇ ਜੀਵਨ ਸਿੰਘ ਮੁਗਲਾਂ ਦੇ ਅਣਗਿਣਤ ਹਮਲਿਆਂ ਨੂੰ ਪਛਾੜਾਂ ਦੇ ਰਹੇ ਅਤੇ ਤਦ ਤੱਕ ਵੀਰਤਾ ਨਾਲ ਲੜਦੇ ਰਹੇ, ਜਦ ਤੱਕ ਉਨ੍ਹਾਂ ਕੋਲ ਆਖਰੀ ਜੀਵਤ ਸੈਨਿਕ ਸੀ। ਅਖੀਰ ਉਹ ਦੋਵੇਂ ਜਥੇਦਾਰ ਯੁੱਧ ਖੇਤਰ ਵਿਚ ਗੁਰੂ ਆਗਿਆ ਨਿਭਾਉਂਦੇ ਅਤੇ ਕਰਤੱਵ ਪਾਲਣ ਕਰਦੇ ਹੋਏ ਵੀਰਗਤੀ ਨੂੰ ਪ੍ਰਾਪਤ ਹੋ ਗਏ। ਇਸ ਭਿਅੰਕਰ ਉਥਲ ਪੁਥਲ ਵਿਚ ਗੁਰੂਜੀ ਦਾ ਪ੍ਰੀਵਾਰ ਉਨ੍ਹਾਂ ਤੋਂ ਵਿਛੜ ਗਿਆ। ਭਾਈ ਮਨੀ ਸਿੰਘ ਜੀ ਦੇ ਜਥੇ ਵਿਚ ਮਾਤਾ ਸਾਹਿਬ ਕੌਰ ਜੀ ਅਤੇ ਮਾਤਾ ਸੁੰਦਰ ਕੌਰ ਜੀ ਅਤੇ ਦੋ ਟਹਿਲ ਸੇਵਾ ਕਰਨ ਵਾਲੀਆਂ ਦਾਸੀਆਂ ਸਨ। ਦੋ ਸਿੱਖ ਭਾਈ ਜਵਾਹਰ ਸਿੰਘ ਅਤੇ ਧੰਨਾ ਸਿੰਘ, ਜੋ ਦਿੱਲੀ ਦੇ ਨਿਵਾਸੀ ਸਨ, ਇਹ ਲੋਕ ਸਰਸਾ ਨਦੀ ਪਾਰ ਕਰ ਕੇ ਹਰ ਦੁਆਰ ਤੋਂ ਹੋ ਕੇ ਦਿੱਲੀ ਪਹੁੰਚੇ। ਇਥੇ ਦਿੱਲੀ ਵਿਖੇ ਭਾਈ ਜਵਾਹਰ ਸਿੰਘ ਇਨ੍ਹਾਂ

ਨੂੰ ਆਪਣੇ ਘਰ ਲੈ ਗਿਆ। ਦੂਜੇ ਜੱਥੇ ਵਿਚ ਮਾਤਾ ਗੂਜਰੀ ਜੀ ਛੋਟੇ ਸਾਹਿਬਜ਼ਾਦੇ ਜੋਰਾਵਰ ਸਿੰਘ ਅਤੇ ਫਤਹਿ ਸਿੰਘ ਤੇ ਗੰਗਾ ਰਾਮ ਬ੍ਰਾਹਮਣ ਹੀ ਸੀ ਜੋ ਗੁਰੂ ਘਰ ਦਾ ਰਸੋਈਆ ਸੀ। ਇਸ ਦਾ ਪਿੰਡ ਸਹੇੜੀ ਇਥੋਂ ਲਗਭਗ ਪੰਦਰਾਂ ਕੋਹ ਦੀ ਦੂਰੀ ਤੇ ਮੋਰਿੰਡਾ ਕਸਬੇ ਦੇ ਨੇੜੇ ਸੀ। ਗੰਗਾ ਰਾਮ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਲੈ ਗਿਆ।

ਗੁਰੂਜੀ ਆਪਣੇ ਚਾਲੀ ਸਿੱਖਾਂ ਨਾਲ ਅੱਗੇ ਵੱਧਦੇ ਹੋਏ ਦੁਪਹਿਰ ਤੱਕ ਚਮਕੌਰ ਨਾਮਕ ਖੇਤਰ ਦੇ ਬਾਹਰ ਇੱਕ ਬਗੀਚੇ ਵਿਚ ਪਹੁੰਚੇ। ਇਥੋਂ ਦੇ ਸਥਾਨਕ ਲੋਕਾਂ ਨੇ ਗੁਰੂਜੀ ਦਾ ਹਾਰਦਿਕ ਸਵਾਗਤ ਕੀਤਾ ਅਤੇ ਹਰ ਤਰ੍ਹਾਂ ਦੀ ਸਹਾਇਤਾ ਕੀਤੀ। ਇਥੇ ਹੀ ਇੱਕ ਕਿਲ੍ਹੇ ਵਰਗੀ ਕੱਚੀ ਹਵੇਲੀ ਸੀ ਜੋ ਯੁਨੀਤਕ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਨ ਸੀ ਕਿਉਂਕਿ ਇਸ ਨੂੰ ਇੱਕ ਉੱਚੇ ਟਿੱਲੇ ਤੇ ਬਣਾਇਆ ਗਿਆ ਸੀ। ਇਸ ਦੇ ਚਾਰੇ ਪਾਸੇ ਖੁੱਲ੍ਹਾ ਸਮਤਲ ਮੈਦਾਨ ਸੀ। ਹਵੇਲੀ ਦੇ ਸੁਆਮੀ ਬੁੱਧੀ ਚੰਦ ਨੇ ਗੁਰੂਜੀ ਨੂੰ ਬੇਨਤੀ ਕੀਤੀ ਕਿ ਉਹ ਇਸ ਹਵੇਲੀ ਵਿਚ ਆਰਾਮ ਕਰਨ। ਗੁਰੂਜੀ ਨੇ ਅੱਗੇ ਜਾਣਾ ਠੀਕ ਨਹੀਂ ਸਮਝਿਆ ਇਸ ਲਈ ਚਾਲੀ ਸਿੱਖਾਂ ਨੂੰ ਛੋਟੀਆਂ ਛੋਟੀਆਂ ਟੁਕੜੀਆਂ ਵਿਚ ਵੰਡ ਕੇ ਉਨ੍ਹਾਂ ਸਾਰੇ ਸਿੱਖਾਂ ਨੂੰ ਮੁਕਾਬਲੇ ਦੇ ਲਈ ਮੋਰਚਿਆਂ ਤੇ ਤੈਨਾਤ ਕਰ ਦਿੱਤਾ। ਹੁਣ ਸਾਰਿਆਂ ਨੂੰ ਪਤਾ ਸੀ ਕਿ ਮੌਤ ਨਿਸ਼ਚਿਤ ਹੈ ਪਰ ਖਾਲਸਾ ਸੈਨਾ ਦਾ ਸਿਧਾਂਤ ਸੀ ਕਿ ਦੁਸ਼ਮਣ ਦੇ ਅੱਗੇ ਹਥਿਆਰ ਨਹੀਂ ਸੁੱਟਣੇ ਕੇਵਲ ਵੀਰਗਤੀ ਪ੍ਰਾਪਤ ਕਰਨੀ ਹੈ। ਅੰਤ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਲਈ ਸਾਰੇ ਸਿੱਖ ਤਤੱਪਰ ਹੋ ਗਏ। ਗੁਰੂਜੀ ਆਪਣੇ ਚਾਲੀ ਸਿੱਖਾਂ ਦੀ ਤਾਕਤ ਨਾਲ ਅਣਗਿਣਤ ਮੁਗਲ ਸੈਨਿਕਾ ਦੇ ਨਾਲ ਮੁਕਾਬਲੇ ਦੀ ਯੋਜਨਾ ਬਣਾਉਣ ਲੱਗੇ। ਗੁਰੂਜੀ ਨੇ ਆਪ ਕੱਚੀ ਗੜ੍ਹੀ (ਹਵੇਲੀ) ਦੇ ਉੱਪਰ ਉੱਚੇ ਅਟਾਰੀ ਵਿਚ ਮੋਰਚਾ ਸੰਭਾਲਿਆ। ਦੂਜੇ ਸਿੱਖਾਂ ਨੇ ਵੀ ਆਪਣੇ ਆਪਣੇ ਮੋਰਚੇ ਬਣਾਏ ਅਤੇ ਮੁਗਲ ਸੈਨਾ ਦੀ ਰਾਹ ਦੇਖਣ ਲੱਗੇ। ਉੱਧਰ ਜਿਉਂ ਹੀ ਬਰਸਾਤੀ ਨਾਲੇ ਸਰਸਾ ਦੇ ਪਾਣੀ ਦਾ ਵੇਗ ਘੱਟ ਹੋਇਆ । ਮੁਗਲ ਸੈਨਾ ਟਿੱਡੀ ਦਲ ਵਾਂਗ ਸਰਸਾ ਪਾਰ ਕਰਕੇ ਗੁਰੂਜੀ ਦਾ ਪਿੱਛਾ ਕਰਦੀ ਹੋਈ ਚਮਕੌਰ ਦੇ ਮੈਦਾਨ ਵਿਚ ਪਹੁੰਚੀ। ਦੇਖਦੇ ਹੀ ਦੇਖਦੇ ਉਸਨੇ ਗੁਰੂਜੀ ਦੀ ਕੱਚੀ ਗੜ੍ਹੀ ਨੂੰ ਘੇਰ ਲਿਆ। ਮੁਗਲ ਸੈਨਾਪਤੀਆਂ ਨੂੰ ਪਿੰਡ ਵਾਲਿਆਂ ਤੋਂ ਪਤਾ ਲੱਗ ਗਿਆ ਕਿ ਗੁਰੂਜੀ ਕੋਲ ਕੇਵਲ ਚਾਲੀ ਸੈਨਿਕ ਹੀ ਹਨ। ਸਿੱਟੇ ਵਜੋਂ ਗੁਰੂਜੀ ਨੂੰ ਬੰਦੀ ਬਣਾਉਣ ਦੇ ਸੁਪਨੇ ਵੇਖਣ ਲੱਗੇ। ਸਰਹਿੰਦ ਦੇ ਨਵਾਬ ਵਜੀਦ ਖਾਨ ਨੇ ਸਵੇਰ ਹੁੰਦਿਆਂ ਹੀ ਮੁਨਾਦੀ ਕਰਵਾ ਦਿੱਤੀ ਕਿ ਜੇ ਗੁਰੂਜੀ ਆਪਣੇ ਆਪ ਨੂੰ ਸਾਥੀਆਂ ਸਮੇਤ ਮੁਗਲ ਪ੍ਰਸ਼ਾਸਨ ਦੇ ਹਵਾਲੇ ਕਰ ਦੇਣ ਤਾਂ ਉਨ੍ਹਾਂ ਦੀ ਜਾਨ ਬਖਸ਼ੀ ਜਾ ਸਕਦੀ ਹੈ। ਇਸ ਮੁਨਾਦੀ ਦੇ ਉੱਤਰ ਵਿੱਚ ਗੁਰੂਜੀ ਨੇ ਮੁਗਲ ਸੈਨਾ ਤੇ ਤੀਰਾਂ ਦੀ ਵਰਖਾ ਕਰ ਦਿੱਤੀ। ਇਸ ਸਮੇਂ ਮੁਕਾਬਲਾ ਚਾਲੀ ਸਿੱਖਾਂ ਦਾ ਹਜ਼ਾਰਾਂ (ਅਣਗਿਣਤ) ਦੀ ਗਿਣਤੀ ਵਿਚ ਮੁਗਲ ਸੈਨਿਕ ਬਲ ਦੇ ਨਾਲ ਸੀ। ਇਸ ਤੇ ਗੁਰੂਜੀ ਨੇ ਵੀ ਤਾਂ ਇੱਕ-ਇੱਕ ਸਿੱਖ ਨੂੰ ਸਵਾ-ਸਵਾ ਲੱਖ ਦੇ

ਨਾਲ ਲੜਾਉਣ ਦੀ ਸਹੁੰ ਖਾਦੀ ਹੋਈ ਸੀ। ਹੁਣ ਇਸ ਸਹੁੰ ਨੂੰ ਵੀ ਵਿਸ਼ਵ ਦੇ ਸਾਹਮਣੇ ਕ੍ਰਿਆਸ਼ੀਲ ਕਰਕੇ ਪ੍ਰਦਰਸ਼ਣ ਕਰਨ ਦਾ ਸੁਨਹਿਰੀ ਮੌਕਾ ਆ ਗਿਆ ਸੀ।

੨੨ ਦਸੰਬਰ ਸੰਨ ੧੭੦੪ ਨੂੰ ਸੰਸਾਰ ਦਾ ਅਨੋਖਾ ਯੁੱਧ ਸ਼ੁਰੂ ਹੋ ਗਿਆ। ਆਕਾਸ਼ ਵਿਚ ਘਨਘੋਰ ਬੱਦਲ ਸਨ ਅਤੇ ਥੋੜ੍ਹੀ ਥੋੜ੍ਹੀ ਬੂੰਦਾਂ-ਬਾਂਦੀ ਹੋ ਰਹੀ ਸੀ। ਸਾਲ ਦਾ ਸਭ ਤੋਂ ਛੋਟਾ ਦਿਨ ਹੋਣ ਦੇ ਕਾਰਨ ਸੂਰਜ ਵੀ ਬਹੁਤ ਦੇਰ ਨਾਲ ਚੜ੍ਹਿਆ ਸੀ ਕੜਾਕੇ ਦੀ ਸੀਤ ਲਹਿਰ ਚਲ ਰਹੀ ਸੀ, ਪਰ ਗਰਮ-ਜੋਸ਼ੀ ਸੀ ਤਾਂ ਕੱਚੀ ਹਵੇਲੀ ਵਿਚ।

ਕੱਚੀ ਗੜ੍ਹੀ ਤੇ ਹਮਲਾ ਹੋਇਆ, ਅੰਦਰੋਂ ਤੀਰਾਂ ਅਤੇ ਗੋਲੀਆਂ ਦੀ ਵਾਛੜ ਹੋਈ। ਅਨੇਕ ਮੁਗਲ ਸੈਨਿਕ ਮਾਰੇ ਗਏ। ਦੂਜੀ ਵਾਰ ਕੀਤੇ ਸੈਨਿਕ ਹਮਲੇ ਦਾ ਵੀ ਇਹੀ ਹਾਲ ਹੋਇਆ। ਮੁਗਲ ਸੈਨਾਪਤੀਆਂ ਨੂੰ ਸ਼ੱਕ ਹੋਣ ਲੱਗਾ ਕਿ ਕੋਈ ਚਾਲੀ ਸੈਨਿਕਾਂ ਦੀ ਸਹਾਇਤਾ ਨਾਲ ਏਨਾ ਤਾਕਤਵਰ ਵੀ ਬਣ ਸਕਦਾ ਹੈ।

ਸਿੱਖ ਸੈਨਿਕ ਲੱਖਾਂ ਦੀ ਸੈਨਾ ਵਿੱਚ ਘਿਰੇ ਨਿਡਰ ਭਾਵ ਦੇ ਨਾਲ ਲੜਨ-ਮਰਨ ਦਾ ਨਾਟਕ ਖੇਡ ਰਹੇ ਸਨ। ਉਨ੍ਹਾਂ ਕੋਲ ਜਦ ਗੋਲਾ ਬਾਰੂਦ ਅਤੇ ਬਾਣ ਖਤਮ ਹੋ ਗਏ ਤਾਂ ਵੀ ਮੁਗਲ ਸੈਨਿਕਾਂ ਦੀ ਗੜ੍ਹੀ ਦੇ ਨੇੜੇ ਜਾਣ ਦੀ ਹਿੰਮਤ ਨਹੀਂ ਹੋਈ। ਇਸ ਤੇ ਉਨ੍ਹਾਂ ਨੇ ਤਲਵਾਰ ਅਤੇ ਭਾਲੇ ਦਾ ਯੁੱਧ ਲੜਨ ਲਈ ਮੈਦਾਨ ਵਿਚ ਨਿਕਲਣਾ ਜ਼ਰੂਰੀ ਸਮਝਿਆ। ਸਭ ਤੋਂ ਪਹਿਲਾਂ ਭਾਈ ਹਿੰਮਤ ਸਿੰਘ ਨੂੰ ਗੁਰੂਜੀ ਨੇ ਆਦੇਸ਼ ਦਿੱਤਾ ਕਿ ਉਹ ਆਪਣੇ ਸਾਥੀਆਂ ਸਮੇਤ ਪੰਜਾਂ ਦਾ ਜਥਾ ਲੈ ਕੇ ਰਣ ਖੇਤਰ ਵਿਚ ਜਾ ਕੇ ਦੁਸ਼ਮਣ ਨਾਲ ਲੜੇ। ਤਦ ਮੁਗਲ ਜਰਨੈਲ ਨਾਹਰ ਖਾਨ ਨੇ ਪੌੜੀ ਲਾ ਕੇ ਗੜ੍ਹੀ ਤੇ ਚੜ੍ਹਨ ਦਾ ਯਤਨ ਕੀਤਾ ਪਰ ਗੁਰੂਜੀ ਨੇ ਉਸਨੂੰ ਉਥੇ ਹੀ ਤੀਰ ਮਾਰ ਕੇ ਚਿੱਤ ਕਰ ਦਿੱਤਾ। ਇੱਕ ਪਾਸੇ ਖਵਾਜਾ ਮਹਿਮੂਦ ਅਲੀ ਨੇ ਜਦ ਸਾਥੀਆਂ ਨੂੰ ਮਰਦੇ ਹੋਏ ਦੇਖਿਆ ਤਾਂ ਉਹ ਦੀਵਾਰ ਦੀ ਓਟ ਵਿਚ ਭੱਜ ਗਿਆ। ਗੁਰੂਜੀ ਨੇ ਉਸਦੀ ਇਸ ਬੁਜਦਿਲੀ ਦੇ ਕਾਰਨ ਉਸ ਨੂੰ ਆਪਣੀ ਰਚਨਾ ਵਿੱਚ ਮਰਦੂਦ (ਦੁਸ਼ਟ) ਲਿਖਿਆ ਹੈ।

ਸਰਹੰਦ ਦੇ ਨਵਾਬ ਨੇ ਸੈਨਾਵਾਂ ਨੂੰ ਇੱਕ ਵਾਰ ਇਕੱਠੇ ਹੋ ਕੇ ਕੱਚੀ ਗੜ੍ਹੀ ਤੇ ਪੂਰੇ ਜ਼ੋਰ ਨਾਲ ਹਮਲਾ ਕਰਨ ਦਾ ਹੁਕਮ ਦਿੱਤਾ। ਕਿਉਂਕਿ ਗੁਰੂਜੀ ਉੱਚੇ ਟਿੱਲੇ ਦੀ ਹਵੇਲੀ ਵਿਚ ਹੋਣ ਦੇ ਕਾਰਨ ਰਣਨੀਤਕ ਦ੍ਰਿਸ਼ਟੀ ਤੋਂ ਠੀਕ ਸਥਿਤੀ ਵਿਚ ਸਨ, ਇਸ ਲਈ ਉਨ੍ਹਾਂ ਦਾ ਇਹ ਹਮਲਾ ਵੀ ਅਸਫਲ ਕਰ ਦਿੱਤਾ ਅਤੇ ਸਿੰਘਾਂ ਨੇ ਤੀਰਾਂ ਦੀ ਵਰਖਾ ਨਾਲ ਸੈਕੜੇ ਮੁਗਲ ਸਿਪਾਹੀਆਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ।

ਸਿੱਖਾਂ ਦੇ ਜਥੇ ਨੇ ਗੜ੍ਹੀ ਤੋਂ ਬਾਹਰ ਆ ਕੇ ਵੱਧ ਰਹੀ ਮੁਗਲ ਸੈਨਾ ਨੂੰ ਕਰਾਰੇ ਹੱਥ ਵਿਖਾਏ। ਗੜ੍ਹੀ ਦੇ ਉਪਰਲੇ ਉੱਚੇ ਅਟਾਰੀ ਤੋਂ ਗੁਰੂਜੀ ਆਪ ਆਪਣੇ ਯੋਧਿਆਂ ਦੀ ਸਹਾਇਤਾ ਦੁਸ਼ਮਣਾਂ ਤੇ ਤੀਰ ਚਲਾ ਕੇ ਕਰ ਰਹੇ ਸਨ। ਘੜੀ ਭਰ ਤਾਂ ਖੂਬ ਲੋਹੇ ਤੇ ਲੋਹਾ ਵੱਜਿਆ। ਸੈਕੜੇ ਸੈਨਿਕ ਮੈਦਾਨ ਵਿਚ ਢੇਰ ਹੋ ਗਏ। ਅੰਤ ਪੰਜ ਸਿੱਖ ਵੀ ਸ਼ਹੀਦ ਹੋ ਗਏ। ਫਿਰ ਗੁਰੂਜੀ ਨੇ ਪੰਜਾਂ ਸਿੱਖਾਂ ਦਾ ਦੂਜਾ ਜਥਾ ਗੜ੍ਹੀ ਤੋਂ ਬਾਹਰ ਰਣਖੇਤਰ ਵਿਚ ਭੇਜਿਆ। ਇਸ ਜੱਥੇ ਨੇ ਵੀ ਅੱਗੇ ਵੱਧਦੇ ਹੋਏ ਦੁਸ਼ਮਣਾਂ ਦੇ ਛੱਕੇ ਛੁੜਾਏ ਅਤੇ ਉਨ੍ਹਾਂ ਨੂੰ ਪਿਛੇ ਧਕੇਲ ਦਿੱਤਾ। ਦੁਸ਼ਮਣਾਂ ਦਾ ਭਾਰੀ ਜਾਨੀ ਨੁਕਸਾਨ ਕਰਦੇ ਹੋਏ ਆਪ ਵੀ ਸ਼ਹੀਦ ਹੋ ਗਏ। ਇਸ ਪ੍ਰਕਾਰ ਗੁਰੂਜੀ ਨੇ ਰਣਨੀਤੀ ਬਣਾਈ ਅਤੇ ਪੰਜ-ਪੰਜ ਦੇ ਜਥੇ ਵਾਰੀ ਵਾਰੀ ਰਣਖੇਤਰ ਵਿਚ ਭੇਜਣ ਲੱਗੇ। ਜਦ ਪੰਜਵਾਂ ਜਥਾ ਸ਼ਹੀਦ ਹੋਇਆ ਤਾਂ ਦੁਪਹਿਰ ਦਾ ਸਮਾਂ ਹੋ ਗਿਆ ਸੀ।

ਸਰਹਿੰਦ ਦੇ ਨਵਾਬ ਵਜ਼ੀਦ ਖ਼ਾਨ ਦੀਆਂ ਹਿਦਾਇਤਾਂ ਦਾ ਪਾਲਣ ਕਰਦੇ ਹੋਏ ਜਰਨੈਲ ਹਦਾਇਤ ਖ਼ਾਨ, ਇਸਮਾਈਲ ਖ਼ਾਨ, ਫੁਲਾਦ ਖ਼ਾਨ, ਸੁਲਤਾਨ ਖ਼ਾਨ, ਅਸਮਾਲ ਖ਼ਾਨ, ਜਹਾਨ ਖ਼ਾਨ, ਖਲੀਲ ਖ਼ਾਨ ਅਤੇ ਭੂਰੇ ਖ਼ਾਨ ਇੱਕ ਵਾਰ ਫਿਰ ਸੈਨਾਵਾਂ ਨੂੰ ਲੈ ਕੇ ਗੜ੍ਹੀ ਵੱਲ ਵਧੇ। ਸਭ ਨੂੰ ਪਤਾ ਸੀ ਕਿ ਐਨਾ ਵੱਡਾ ਹਮਲਾ ਰੋਕਣਾ ਬਹੁਤ ਮੁਸ਼ਕਿਲ ਹੈ, ਇਸ ਲਈ ਅੰਦਰ ਬਾਕੀ ਬੱਚੇ ਸਿੱਖਾਂ ਨੇ ਗੁਰੂਜੀ ਅੱਗੇ ਪ੍ਰਾਰਥਨਾ ਕੀਤੀ ਕਿ ਉਹ ਸਾਹਿਬਜ਼ਾਦਿਆਂ ਸਮੇਤ ਯੁੱਧ ਖੇਤਰ ਤੋਂ ਦੂਰ ਕਿਸੇ ਹੋਰ ਪਾਸੇ ਚਲੇ ਜਾਣ। ਇਹ ਸੁਣਕੇ ਗੁਰੂਜੀ ਨੇ ਸਿੱਖਾਂ ਨੂੰ ਕਿਹਾ, "ਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ, ਤੁਸੀਂ ਸਾਰੇ ਮੇਰੇ ਹੀ ਸਾਹਿਬਜ਼ਾਦੇ ਹੋ।" ਗੁਰੂਜੀ ਦਾ ਇਹ ਉੱਤਰ ਸੁਣ ਕੇ ਸਾਰੇ ਸਿੱਖ ਹੈਰਾਨੀ ਵਿਚ ਫਸ ਗਏ। ਅਜਿਹਾ ਸੁਣ ਕੇ ਗੁਰੂਜੀ ਦੇ ਵੱਡੇ ਸਪੁੱਤਰ ਅਜੀਤ ਸਿੰਘ ਦੇ ਡੌਲੇ ਫੜਕ ਉੱਠੇ। ਉਹ ਪਿਤਾ ਜੀ ਕੋਲ ਜਾ ਕੇ ਆਪਣੀ ਯੁੱਧਕਲਾ ਦੇ ਪ੍ਰਦਰਸ਼ਨ ਦੀ ਆਗਿਆ ਮੰਗਣ ਲੱਗੇ। ਗੁਰੂਜੀ ਨੇ ਸਹਿਮਤੀ ਨਾਲ ਅਸੀਸ ਦਿੱਤੀ ਅਤੇ ਆਪਣਾ ਫਰਜ਼ ਪੂਰਾ ਕਰਨ ਲਈ ਪ੍ਰੇਰਿਤ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਦੇ ਮਨ ਵਿਚ ਕੁਝ ਕਰ ਗੁਜਰਨ ਦੇ ਵਲਵਲੇ ਸਨ, ਯੁੱਧਕਲਾ ਵਿਚ ਨਿਪੁੰਨਤਾ ਸੀ। ਬਸ ਫਿਰ ਕੀ ਸੀ ? ਉਹ ਆਪਣੇ ਚਾਰ ਹੋਰ ਸਿੱਖਾਂ ਨੂੰ ਲੈ ਕੇ ਗੜ੍ਹੀ ਤੋਂ ਬਾਹਰ ਆਏ ਅਤੇ ਮੁਗਲਾਂ ਦੀ ਸੈਨਾ ਤੇ ਇਸ ਤਰ੍ਹਾਂ ਟੁੱਟ ਪਏ ਜਿਵੇਂ ਤੇਂਦੂਆ ਹਿਰਨ ਦੇ ਬੱਚਿਆਂ ਤੇ ਟੁੱਟ ਕੇ ਪੈਂਦਾ ਹੈ। ਅਜੀਤ ਸਿੰਘ ਜਿਧਰ ਵੱਧਦੇ ਜਾਂਦੇ ਉਧਰ ਹੀ ਸਾਹਮਣੇ ਆਉਣ ਵਾਲੇ ਸੈਨਿਕ ਡਿੱਗਦੇ, ਵੱਢੇ ਜਾਂਦੇ ਜਾਂ ਭੱਜ ਜਾਂਦੇ ਸਨ। ਪੰਜ ਸਿੱਖਾਂ ਦੇ ਜੱਥੇ ਨੇ ਸੈਂਕੜੇ ਮੁਗਲਾਂ ਨੂੰ ਕਾਲ ਦੀ ਬੁਰਕੀ ਬਣਾ ਦਿੱਤਾ।

ਅਜੀਤ ਸਿੰਘ ਨੇ ਅਜਿਹੀ ਵੀਰਤਾ ਦਿਖਾਈ, ਜਿਸ ਦਾ ਸ਼ਬਦਾਂ ਵਿਚ ਵਰਨਣ ਕਰਨਾ ਮੁਸ਼ਕਲ ਹੈ, ਪਰ ਇੱਕ ਇੱਕ ਨੇ ਜੇ ਪੰਜਾਹ ਪੰਜਾਹ ਵੀ ਮਾਰੇ ਹੋਣ ਤਾਂ ਸੈਨਿਕਾਂ ਦੇ ਸਾਗਰ ਵਿਚੋਂ ਚਿੜੀ ਦੇ ਚੁੰਝ ਭਰ ਕੇ ਨੀਰ ਲੈ ਜਾਣ ਨਾਲ ਕੀ ਕਮੀ ਆ ਸਕਦੀ ਸੀ ? ਸਾਹਿਬਜ਼ਾਦਾ ਅਜੀਤ ਸਿੰਘ ਨੂੰ ਛੋਟੇ ਭਰਾ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਜਦ ਸ਼ਹੀਦ ਹੁੰਦਿਆਂ ਵੇਖਿਆ ਤਾਂ ਉਸਨੇ ਵੀ ਗੁਰੂਜੀ ਤੋਂ ਰਣ-ਭੂਮੀ ਵਿਚ ਜਾਣ ਦੀ ਆਗਿਆ ਮੰਗੀ। ਗੁਰੂਜੀ ਨੇ ਉਸ ਦੀ ਪਿੱਠ ਥਾਪੜੀ ਅਤੇ ਆਪਣੇ ਨੌਜਵਾਨ ਪੁੱਤਰ ਨੂੰ ਯੁੱਧ ਖੇਤਰ ਵਿਚ ਚਾਰ ਹੋਰ ਸੇਵਕਾਂ ਦੇ ਨਾਲ ਭੇਜਿਆ। ਗੁਰੂਜੀ ਜੁਝਾਰ ਸਿੰਘ ਨੂੰ ਲੜਾਈ ਦੇ ਮੈਦਾਨ ਵਿਚ ਜੂਝਦਿਆਂ ਦੇਖ ਕੇ ਪ੍ਰਸੰਨ ਹੋਣ ਲੱਗੇ ਅਤੇ ਉਸਦੇ ਯੁੱਧ-ਕੌਸਲ ਨੂੰ ਦੇਖ ਕੇ ਜੈਕਾਰ ਦੇ ਉੱਚੀ ਆਵਾਜ਼ ਵਿਚ ਨਾਅਰੇ ਬੁਲੰਦ ਕਰਨ ਲੱਗੇ :- "ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ।" ਜੁਝਾਰ ਸਿੰਘ ਦੁਸ਼ਮਣ ਦੀ ਸੈਨਾ ਦੇ ਵਿਚ ਘਿਰ ਗਏ ਪਰ ਉਨ੍ਹਾਂ ਨੇ ਵੀਰਤਾ ਦੇ ਜੌਹਰ ਵਿਖਾਦਿਆਂ ਹੋਇਆਂ ਵੀਰ-ਗਤੀ ਪ੍ਰਾਪਤ ਕੀਤੀ। ਇਨ੍ਹਾਂ ਦੋਹਾਂ ਯੋਧਿਆਂ ਦੀ ਉਮਰ ਕ੍ਰਮਵਾਰ ਅਠਾਰ੍ਹਾਂ ਸਾਲ ਅਤੇ ਚੌਦਾਂ ਸਾਲ ਦੀ ਸੀ। ਮੀਂਹ ਅਤੇ ਬੱਦਲਾ ਦੇ ਕਾਰਨ ਚਾਨਣਾ ਘੱਟ ਗਿਆ, ਸਾਲ ਦਾ ਸਭ ਤੋਂ ਛੋਟਾ ਦਿਨ ਸੀ, ਕੜਾਕੇ ਦੀ ਠੰਢ ਪੈ ਰਹੀ ਸੀ, ਹਨੇਰਾ ਹੁੰਦਿਆਂ ਹੀ ਯੁੱਧ ਰੁੱਕ ਗਿਆ।

ਗੁਰੂ ਸਾਹਿਬ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਹੁੰਦਿਆਂ ਵੇਖ ਕੇ ਅਕਾਲ ਪੁਰਖ ਦੇ ਅੱਗੇ (ਸਾਹਮਣੇ) ਧੰਨਵਾਦ (ਸ਼ੁਕਰਾਨੇ) ਦੀ ਪ੍ਰਾਰਥਨਾ ਕੀਤੀ ਅਤੇ ਕਿਹਾ - "ਤੇਰਾ ਤੁਝ ਕਉ ਸੋਂਪਤੇ ਕਿਆ ਲਾਗੈ ਮੇਰਾ ।" ਦੁਸ਼ਮਣ ਆਪਣੇ ਜ਼ਖਮੀ ਸੈਨਿਕ ਅਤੇ ਮਰ ਚੁੱਕੇ ਸੈਨਿਕਾਂ ਦੀਆਂ ਲਾਸ਼ਾਂ ਨੂੰ ਉਠਾਉਣ ਦੇ ਚੱਕਰਵਿਊ ਵਿਚ ਫਸ ਗਿਆ। ਚਾਰੇ ਪਾਸੇ ਹਨੇਰਾ ਛਾ ਗਿਆ। ਇਸ ਸਮੇਂ ਗੁਰੂਜੀ ਦੇ ਕੋਲ ਸੱਤ ਸਿੱਖ ਸੈਨਿਕ ਬਚੇ ਸਨ। ਆਪਣੇ ਆਪ ਨੂੰ ਮਿਲਾ ਕੇ ਕੁਲ ਅੱਠ ਦੀ ਗਿਣਤੀ ਪੂਰੀ ਹੁੰਦੀ ਸੀ। ਮੁਗਲ ਸੈਨਾਵਾਂ ਪਿੱਛੇ ਹਟ ਕੇ ਆਰਾਮ ਕਰਨ ਲੱਗੀਆਂ। ਉਨ੍ਹਾਂ ਨੂੰ ਅਜੇ ਵੀ ਸ਼ੱਕ ਸੀ ਕਿ ਗੜ੍ਹੀ ਦੇ ਅੰਦਰ ਕਾਫੀ ਗਿਣਤੀ ਵਿਚ ਸੈਨਿਕ ਮੌਜੂਦ ਹਨ।

ਰਹਿਰਾਸ ਸਾਹਿਬ ਦੇ ਪਾਠ ਦਾ ਸਮਾਂ ਹੋ ਗਿਆ ਸੀ। ਸਾਰੇ ਸਿੱਖਾਂ ਨੇ ਗੁਰੂਜੀ ਦੇ ਨਾਲ ਮਿਲ ਕੇ ਪਾਠ ਕੀਤਾ । ਇਸ ਤੋਂ ਬਾਅਦ ਗੁਰੂਜੀ ਨੇ ਸਿੱਖਾਂ ਦੇ ਚੜ੍ਹਦੀ ਕਲਾ ਵਿਚ ਰਹਿ ਕੇ ਜੂਝਦੇ ਹੋਏ ਸ਼ਹੀਦ ਹੋਣ ਦੇ ਲਈ ਉਤਸ਼ਾਹਿਤ ਕੀਤਾ। ਸਾਰਿਆਂ ਨੇ ਸਿਰ ਝੁਕਾ ਕੇ ਆਦੇਸ਼ ਦਾ ਪਾਲਣ ਕਰਦੇ ਹੋਏ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਦੀ ਸਹੁੰ ਚੁੱਕੀ। ਪਰ ਉਨ੍ਹਾਂ ਨੇ ਗੁਰੂਜੀ ਦੇ ਚਰਨਾਂ ਵਿਚ ਪ੍ਰਾਰਥਨਾ ਕੀਤੀ ਕਿ ਜੇ ਗੁਰੂਜੀ ਸਮੇਂ ਦੀ ਨਜ਼ਾਕਤ ਨੂੰ ਮੱਦੇਨਜ਼ਰ ਰੱਖਦੇ ਹੋਏ ਇਹ

ਕੱਚੀ ਗੜ੍ਹੀਨੁਮਾ ਹਵੇਲੀ ਛੱਡ ਕੇ ਕਿਤੇ ਹੋਰ ਚਲੇਜਾਣ ਤਾ ਅਸੀਂ ਬਾਜ਼ੀਜਿੱਤ ਸਕਦੇ ਹਾਂ ਕਿਉਂਕਿ ਅਸੀਂ ਮਰ ਗਏ ਤਾਂ ਕੁਝ ਨਹੀਂ ਵਿਗੜੇਗਾ ਪਰ ਗੁਰੂਜੀ ਦੀ ਸ਼ਹੀਦੀ ਦੇ ਬਾਅਦ ਪੰਥ ਦਾ ਕੀ ਬਣੇਗਾ ?

ਇਸ ਤਰ੍ਹਾਂ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਨੋਰਥ ਪੂਰਾ ਨਹੀਂ ਹੋ ਸਕੇਗਾ। ਜੇ ਗੁਰੂਜੀ ਜੀਵਿਤ ਰਹੇ ਤਾਂ ਸਾਡੇ ਵਰਗੇ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਸਿੱਖ ਉਨ੍ਹਾਂ ਦੀ ਸ਼ਰਨ ਵਿਚ ਇਕੱਠੇ ਹੋ ਕੇ ਫਿਰ ਤੋਂ ਗੁਰੂਜੀ ਦੀ ਅਗਵਾਈ ਵਿਚ ਸੰਘਰਸ਼ ਸ਼ੁਰੂ ਕਰ ਦੇਣਗੇ। ਗੁਰੂਜੀ ਤਾਂ ਦੂਜਿਆਂ ਨੂੰ ਉਪਦੇਸ਼ ਦਿੰਦੇ ਸਨ – "ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਣ ਮੈ ਤਬ ਜੂਝ ਮਰੌਂ ।" ਫਿਰ ਭਲਾ ਯੁੱਧ ਤੋਂ ਉਹ ਆਪ ਕਿਵੇਂ ਮੂੰਹ ਮੋੜ ਸਕਦੇ ਸਨ ? ਗੁਰੂਜੀ ਨੇ ਸਿੰਘਾਂ ਨੂੰ ਉੱਤਰ ਦਿੱਤਾ – ਮੇਰਾ ਜੀਵਨ ਮੇਰੇ ਪਿਆਰੇ ਸਿੱਖਾਂ ਦੇ ਜੀਵਨ ਤੋਂ ਕੀਮਤੀ ਨਹੀਂ, ਇਹ ਕਿਵੇਂ ਸੰਭਵ ਹੋ ਸਕਦਾ ਹੈ ਕਿ ਮੈਂ ਤੁਹਾਨੂੰ ਲੜਾਈ ਦੇ ਮੈਦਾਨ ਵਿਚ ਛੱਡ ਕੇ ਇਕੱਲਾ ਚਲਾ ਜਾਵਾਂ, ਮੈਂ ਯੁੱਧ ਖੇਤਰ ਨੂੰ ਪਿੱਠ ਨਹੀਂ ਦਿਖਾ ਸਕਦਾ, ਹੁਣ ਤਾਂ ਉਹ ਆਪ ਦਿਨ ਚੜ੍ਹਦਿਆਂ ਹੀ ਸਭ ਤੋਂ ਪਹਿਲਾਂ ਆਪਣਾ ਜਥਾ ਲੈ ਕੇ ਯੁੱਧ-ਭੂਮੀ ਵਿਚ ਪਹੁੰਚਣਗੇ। ਗੁਰੂਜੀ ਦੇ ਇਸ ਫੈਸਲੇ ਨਾਲ ਸਿੱਖ ਬਹੁਤ ਚਿੰਤਾ ਵਿਚ ਪੈ ਗਏ। ਉਹ ਚਾਹੁੰਦੇ ਸਨ ਕਿ ਗੁਰੂਜੀ ਕਿਸੇ ਵੀ ਤਰੀਕੇ ਨਾਲ ਇਥੋਂ ਬਚ ਕੇ ਨਿਕਲ ਜਾਣ ਤਾਂਕਿ ਲੋਕਾਂ ਨੂੰ ਭਾਰੀ ਗਿਣਤੀ ਵਿਚ ਸਿੰਘ ਸਜਾ ਕੇ ਦੁਬਾਰਾ ਸੰਗਠਿਤ ਕਰ ਕੇ, ਮੁਗਲਾਂ ਨਾਲ ਦੋ-ਹੱਥ ਕਰਨ ।

ਸਿੱਖ ਵੀ ਇਹ ਮਨ ਵਿਚ ਧਾਰੀ ਬੈਠੇ ਸਨ ਕਿ ਸਤਿਗੁਰੂਜੀ ਨੂੰ ਕਿਸੇ ਵੀ ਹਾਲਤ ਵਿਚ ਸ਼ਹੀਦ ਨਹੀਂ ਹੋਣ ਦੇਣਾ, ਉਹ ਜਾਣਦੇ ਸਨ ਕਿ ਗੁਰੂਜੀ ਜੀ ਦੁਆਰਾ ਦਿੱਤੀ ਗਈ ਸ਼ਹਾਦਤ ਇਸ ਵੇਲੇ ਪੰਥ ਦੇ ਲਈ ਬਹੁਤ ਹਾਨੀਕਾਰਕ ਸਿੱਧ ਹੋਵੇਗੀ। ਇਸ ਲਈ ਭਾਈ ਦਇਆ ਸਿੰਘ ਜੀ ਨੇ ਇਕ ਤਰਕੀਬ ਸੋਚੀ ਅਤੇ ਆਪਣਾ ਅੰਤਿਮ ਹਥਿਆਰ ਅਜਮਾਇਆ । ਉਨ੍ਹਾਂ ਨੇ ਇਸ ਤਰਕੀਬ ਦੇ ਅਮਤਰਗਤ ਸਾਰੇ ਸਿੰਘਾਂ ਨੂੰ ਵਿਸ਼ਵਾਸ਼ ਵਿਚ ਲਿਆ ਅਤੇ ਉਨ੍ਹਾਂ ਨੂੰ ਨਾਲ ਲੈ ਕੇ ਦੁਬਾਰਾ ਗੁਰੂਜੀ ਕੋਲ ਆਏ ਤੇ ਕਹਿਣ ਲੱਗੇ- "ਗੋਬਿੰਦ ਸਿੰਘ ਜੀ ਹੁਣ ਗੁਰੂ ਖਾਲਸਾ (ਪੰਜ ਪਿਆਰੇ) ਪਰਮੇਸ਼ਰ ਰੂਪ ਹੋ ਕੇ ਤੁਹਾਨੂੰ ਆਦੇਸ਼ ਦੇਂਦੇ ਹਨ ਕਿ ਇਹ ਕੱਚੀ ਗੜ੍ਹੀ ਆਪ ਤੁਰੰਤ ਛੱਡ ਦਿਉ ਅਤੇ ਕਿਤੇ ਸੁਰੱਖਿਅਤ ਜਗ੍ਹਾ ਤੇ ਚਲੇ ਜਾਉ ਕਿਉਂਕਿ ਇਸੇ ਨੀਤੀ ਵਿਚ ਪੰਥ ਖਾਲਸੇ ਦਾ ਭਲਾ ਹੈ। ਗੁਰੂਜੀ ਜੀ ਨੇ ਪੰਜ ਪਿਆਰਿਆਂ ਦਾ ਆਦੇਸ਼ ਸੁਣਦਿਆਂ ਹੀ ਸੀਸ ਝੁਕਾ ਦਿੱਤਾ

ਅਤੇ ਕਿਹਾ, "ਮੈਂ ਹੁਣ ਕੋਈ ਵਿਰੋਧ ਨਹੀਂ ਕਰ ਸਕਦਾ ਕਿਉਂਕਿ ਮੈਂ ਆਪਣੇ ਗੁਰੂ ਦੀ ਆਗਿਆ ਦਾ ਪਾਲਣ ਕਰਨਾ ਹੀ ਹੈ ।"

ਗੁਰੂਜੀ ਨੇ ਕੱਚੀ ਗੜ੍ਹੀ ਛੱਡਣ ਦੀ ਯੋਜਨਾ ਬਣਾਈ। ਦੋ ਜਵਾਨਾਂ ਨੂੰ ਨਾਲ ਚੱਲਣ ਲਈ ਕਿਹਾ। ਬਾਕੀ ਪੰਜਾਂ ਨੂੰ ਵੱਖਰੇ ਵੱਖਰੇ ਮੋਰਚਿਆਂ ਤੇ ਨਿਯੁਕਤ ਕਰ ਦਿੱਤਾ। ਸੰਗਤ ਸਿੰਘ ਜਿਸ ਦਾ ਡੀਲ-ਡੌਲ (ਕੱਦ-ਬੁੱਤ) ਅਤੇ ਰੂਪ ਰੇਖਾ ਗੁਰੂਜੀ ਦੇ ਨਾਲ ਮਿਲਦੀ ਸੀ, ਉਸ ਨੂੰ ਆਪਣਾ ਮੁਕਟ (ਤਾਜ) ਪਹਿਨਾ ਕੇ ਆਪਣੇ ਸਥਾਨ, ਉੱਚੇ ਟਿੱਲੇ ਤੇ ਬੈਠਾ ਦਿੱਤਾ ਤਾਂ ਜੋ ਦੁਸ਼ਮਣ ਭਰਮ ਵਿੱਚ ਪਿਆ ਰਹੇ ਕਿ ਗੁਰੂ ਗੋਬਿੰਦ ਸਿੰਘ ਆਪ ਹਵੇਲੀ ਵਿਚ ਹਨ, ਪਰ ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਇਸ ਥਾਂ ਤੋਂ ਚਾਲੇ ਪਾਉਣ ਵੇਲੇ ਉਹ ਦੁਸ਼ਮਣਾਂ ਨੂੰ ਲਲਕਾਰਣਗੇ ਕਿਉਂਕਿ ਚੁਪਚਾਪ (ਸ਼ਾਂਤ) ਨਿਕਲ ਜਾਣਾ ਕਾਇਰਤਾ ਅਤੇ ਕਮਜ਼ੋਰੀ ਦਾ ਪ੍ਰਤੀਕ ਮੰਨਿਆ ਜਾਵੇਗਾ ਅਤੇ ਉਨ੍ਹਾਂ ਨੇ ਆਪਣੇ ਫੈਸਲੇ ਅਨੁਸਾਰ ਹੀ ਕੀਤਾ।

ਦੇਰ ਰਾਤ ਗੁਰੂਜੀ ਆਪਣੇ ਦੋਹਾਂ ਸਾਥੀਆਂ ਦਇਆ ਸਿੰਘ ਅਤੇ ਮਾਨ ਸਿੰਘ ਸਮੇਤ ਗੜ੍ਹੀ ਤੋਂ ਬਾਹਰ ਨਿਕਲੇ, ਚੱਲਣ ਤੋਂ ਪਹਿਲਾਂ ਉਨ੍ਹਾਂ ਨੂੰ ਸਮਝਾ ਦਿੱਤਾ ਕਿ ਅਸੀਂ ਮਾਲਵਾ ਇਲਾਕੇ ਵੱਲ ਜਾਣਾ ਹੈ ਅਤੇ ਕੁਝ ਖਾਸ ਤਾਰਿਆਂ ਦੀ ਸੇਧ ਵਿਚ ਚਲਣਾ ਹੈ। ਜਿਸ ਨਾਲ ਵਿਛੜਣ ਤੇ ਫਿਰ ਤੋਂ ਮਿਲ ਸਕੀਏ। ਇਸ ਵੇਲੇ ਬੂੰਦਾਬਾਂਦੀ ਬੰਦ ਹੋ ਚੁੱਕੀ ਸੀ ਅਤੇ ਅਸਮਾਨ ਵਿਚ ਕਿਤੇ ਕਿਤੇ ਬੱਦਲ ਸਨ ਪਰ ਬਿਜਲੀ ਘੜੀ ਮੜੀ ਚਮਕ ਰਹੀ ਸੀ। ਅਜੇ ਕੁਝ ਦੂਰੀ ਤੇ ਹੀ ਪਹੁੰਚੇ ਸਨ ਕਿ ਬਿਜਲੀ ਬਹੁਤ ਜ਼ੋਰ ਨਾਲ ਚਮਕੀ। ਦਇਆ ਸਿੰਘ ਦੀ ਨਜ਼ਰ ਰਾਹ ਵਿਚ ਖਿਲਰੇ ਮ੍ਰਿਤਕ ਸਰੀਰਾਂ ਤੇ ਪਈ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਦਾ ਪਾਰਥਿਵ ਸਰੀਰ ਦਿੱਸਿਆ, ਉਸਨੇ ਗੁਰੂਜੀ ਨੂੰ ਨਿਮਰਤਾ ਨਾਲ ਪੁੱਛਿਆ ਜੇ ਗੁਰੂਜੀ ਆਗਿਆ ਦੇਣ ਤਾਂ ਮੈਂ ਅਜੀਤ ਸਿੰਘ ਦੇ ਪੱਵਿਤਰ ਸਰੀਰ ਤੇ ਆਪਣੀ ਚਾਦਰ ਪਾ ਦਿਆਂ। ਉਸ ਸਮੇਂ ਗੁਰੂਜੀ ਨੇ ਦਇਆ ਸਿੰਘ ਨੂੰ ਪ੍ਰਸ਼ਨ ਕੀਤਾ ਕਿ ਉਹ ਅਜਿਹਾ ਕਿਉਂ ਕਰਨਾ ਚਾਹੁੰਦੇ ਹਨ। ਦਇਆ ਸਿੰਘ ਨੇ ਉੱਤਰ ਦਿੱਤਾ ਕਿ ਗੁਰੂਜੀ ਪਿਤਾ ਜੀ ਆਪ ਦੇ ਲਾਡਲੇ ਬੇਟੇ ਅਜੀਤ ਸਿੰਘ ਦਾ ਇਹ ਪੱਵਿਤਰ ਸ਼ਰੀਰ ਹੈ। ਗੁਰੂਜੀ ਨੇ ਫਿਰ ਪੁੱਛਿਆ, "ਕੀ ਉਹ ਮੇਰੇ ਪੁੱਤਰ ਨਹੀਂ ਜਿਨ੍ਹਾਂ ਨੇ ਮੇਰੇ ਇੱਕ ਇਸ਼ਾਰੇ ਤੇ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ ਹੈ ?" ਦਇਆ ਸਿੰਘ ਨੂੰ ਇਸ ਦਾ ਉੱਤਰ ਹਾਂ ਵਿਚ ਦੇਣਾ ਪਿਆ। ਇਸ ਤੇ ਗੁਰੂਜੀ ਨੇ ਕਿਹਾ, "ਜੇ ਤੁਸੀਂ ਸਾਰੇ ਸਿੰਘਾਂ ਦੇ ਸ਼ਰੀਰਾਂ ਤੇ ਇੱਕ ਇੱਕ ਚਾਦਰ ਪਾ ਸਕਦੇ ਹੋ, ਤਾਂ ਠੀਕ ਹੈ ਇਸ ਦੇ

ਸ਼ਰੀਰ ਤੇ ਵੀ ਪਾ ਦਿਓ।" ਭਾਈ ਦਇਆ ਸਿੰਘ ਜੀ ਗੁਰੂਜੀ ਦੇ ਤਿਆਗ ਅਤੇ ਬਲਿਦਾਨ ਨੂੰ ਸਮਝ ਗਏ ਅਤੇ ਇਕ ਦਮ ਅੱਗੇ ਚੱਲ ਪਏ। ਯੋਜਨਾ ਅਨੁਸਾਰ ਗੁਰੂਜੀ ਅਤੇ ਸਿੱਖ ਵੱਖਰੀ-ਵੱਖਰੀ ਦਿਸ਼ਾ ਵਿਚ ਕੁਝ ਦੂਰੀ ਤੇ ਚਲੇ ਗਏ ਅਤੇ ਉਥੋਂ ਉੱਚੀ ਆਵਾਜ਼ ਵਿਚ ਲਲਕਾਰਿਆ, ਪੀਰ-ਏ-ਹਿੰਦ ਜਾ ਰਿਹਾ ਹੈ ਕਿਸੇ ਦੀ ਹਿੰਮਤ ਹੈ ਤਾਂ ਫੜ੍ਹ ਲਵੋ ਅਤੇ ਨਾਲ ਹੀ ਮਸ਼ਾਲਚੀਆਂ ਨੂੰ ਤੀਰ ਮਾਰੇ ਜਿਸ ਨਾਲ ਉਨ੍ਹਾਂ ਦੀਆਂ ਮਸ਼ਾਲਾਂ ਚਿੱਕੜ ਵਿਚ ਡਿੱਗ ਕੇ ਬੁੱਝ ਗਈਆਂ ਅਤੇ ਹਨੇਰਾ ਹੋਰ ਸੰਘਣਾ ਹੋ ਗਿਆ। ਇਨਾਮ ਦੇ ਲਾਲਚ ਵਿਚ ਦੁਸ਼ਮਣ ਸੈਨਾ ਆਵਾਜ਼ ਦੀ ਸੇਧ ਵਿਚ ਭੱਜੀ ਅਤੇ ਆਪਸ ਵਿਚ ਭਿੜ ਗਈ। ਸਮੇਂ ਦਾ ਲਾਭ ਉਠਾਦਿਆਂ ਗੁਰੂਜੀ ਅਤੇ ਦੋਵੇਂ ਸਿੰਘ ਆਪਣੇ ਉਦੇਸ਼ ਵੱਲ ਵੱਧਣ ਲੱਗੇ ਅਤੇ ਇਹ ਯੋਜਨਾ ਪੂਰਨ ਰੂਪ ਵਿਚ ਸਫਲ ਰਹੀ। ਇਸ ਤਰ੍ਹਾਂ ਦੁਸ਼ਮਣ ਦੀ ਸੈਨਾ ਆਪਸ ਵਿਚ ਟਕਰਾ ਟਕਰਾ ਕੇ ਟੁਕੜੇ ਟੁਕੜੇ ਹੋ ਕੇ ਮਰੀ।

ਅਗਲੀ ਸਵੇਰ ਚਾਨਣ ਹੋਣ ਤੇ ਦੁਸ਼ਮਣ ਸੈਨਾ ਨੂੰ ਭਾਰੀ ਨਿਰਾਸ਼ਾ ਹੋਈ ਕਿਉਂਕਿ ਹਜ਼ਾਰਾ (ਅਣਗਿਣਤ) ਲਾਸ਼ਾਂ ਵਿਚ ਕੇਵਲ ਪੈਂਤੀ ਸਰੀਰ ਸਿੱਖਾਂ ਦੇ ਸਨ। ਉਨ੍ਹਾਂ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਕਿਤੇ ਦਿਖਾਈ ਨਹੀਂ ਦਿੱਤੇ । ਕ੍ਰੋਧ ਵਿਚ ਆਕੇ ਦੁਸ਼ਮਣ ਸੈਨਾ ਨੇ ਦੁਬਾਰਾ ਗੜ੍ਹੀ ਤੇ ਹਮਲਾ ਕਰ ਦਿੱਤਾ। ਅਣਗਿਣਤ ਦੁਸ਼ਮਣ ਸੈਨਿਕਾਂ ਨਾਲ ਜੂਝਦਿਆਂ ਹੋਇਆ ਅੰਦਰਲੇ ਪੰਜ ਸਿੱਖ ਵੀਰ ਗਤੀ ਨੂੰ ਪ੍ਰਾਪਤ ਹੋਏ।

ਭਾਈ ਸੰਗਤ ਸਿੰਘ ਜੀ ਵੀ ਸ਼ਹੀਦ ਹੋ ਗਏ ਜਿਨ੍ਹਾਂ ਨੇ ਦੁਸ਼ਮਣ ਨੂੰ ਝਾਂਸਾ ਦੇਣ ਦੇ ਲਈ ਗੁਰੂਜੀ ਦਾ ਪਹਿਰਾਵਾ ਧਾਰਨ ਕੀਤਾ ਹੋਇਆ ਸੀ। ਭਾਈ ਸੰਗਤ ਸਿੰਘ ਦੇ ਸਰੀਰ ਨੂੰ ਵੇਖ ਕੇ ਮੁਗਲ ਸੈਨਾਪਤੀ ਬਹੁਤ ਖੁਸ਼ ਹੋਏ ਕਿ ਅਖੀਰ ਗੁਰੂ ਮਾਰ ਹੀ ਲਿਆ ਹੈ। ਪਰ ਛੇਤੀ ਹੀ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਇਹ ਸਰੀਰ ਕਿਸੇ ਹੋਰ ਵਿਅਕਤੀ ਦਾ ਹੈ ਅਤੇ ਗੁਰੂਜੀ ਤਾਂ ਸੁਰੱਖਿਅਤ ਚਲੇ ਗਏ ਹਨ। ਮੁਗਲ ਸੱਤਾਧਾਰੀਆਂ ਨੂੰ ਇਹ ਇਕ ਕਰਾਰੀ ਚਪੇੜ ਸੀ ਕਿ ਕਸ਼ਮੀਰ, ਲਾਹੌਰ, ਦਿੱਲੀ ਅਤੇ ਸਰਹਿੰਦ ਦੀ ਪੂਰੀ ਮੁਗਲ ਸ਼ਕਤੀ ਸੱਤ ਮਹੀਨੇ ਆਨੰਦਪੁਰ ਸਾਹਿਬ ਦਾ ਘੇਰਾ ਪਾਉਣ ਦੇ ਬਾਵਜੂਦ ਵੀ ਨਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਫੜ੍ਹ ਸਕੀ ਅਤੇ ਨਾ ਹੀ ਸਿੱਖਾਂ ਤੋਂ ਅਧੀਨਤਾ ਸਵੀਕਾਰ ਕਰਵਾ ਸਕੀ। ਸਰਕਾਰੀ ਖਜ਼ਾਨੇ ਦੇ ਲੱਖਾਂ ਰੁਪਏ ਖਰਚ ਹੋ ਗਏ। ਹਜ਼ਾਰਾਂ ਦੀ ਗਿਣਤੀ ਵਿਚ ਫੌਜੀ ਮਾਰੇ ਗਏ ਪਰ ਮੁਗਲ ਆਪਣੇ ਉਦੇਸ਼ ਵਿਚ ਸਫਲ ਨਾ ਹੋ ਸਕੇ।

# “ਚਮਕੌਰ ਦੀ ਰਣਭੂਮੀ ਤੋਂ ਮਾਛੀਵਾੜਾ ਇਲਾਕੇ ਵਿਚ”

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਦੋ ਸੇਵਕਾਂ ਨੇ ਦੁਸ਼ਮਣ ਸੈਨਾ ਨੂੰ ਝਾਂਸਾ ਦੇ ਕੇ ਮਾਛੀਵਾੜਾ ਇਲਾਕੇ ਵੱਲ ਚਾਲੇ ਪਾ ਦਿੱਤੇ। ਰਾਤ ਹਨੇਰੀ ਲੰਮੀ ਅਤੇ ਮੀਂਹ ਦੇ ਕਾਰਨ ਅਤਿ ਠੰਢੀ ਸੀ। ਰਾਹ ਦਿਖਾਈ ਨਹੀਂ ਦਿੰਦਾ ਸੀ। ਹਰ ਪਾਸੇ ਕੰਡੇਦਾਰ ਝਾੜੀਆਂ ਸਨ। ਗੁਰੂਜੀ ਦੇ ਪੈਰਾਂ ਦਾ ਇੱਕ ਜੋੜਾ ਚਿੱਕੜ ਵਿਚ ਕਿਤੇ ਗੁਆਚ ਗਿਆ। ਫਿਰ ਵੀ ਗੁਰੂਜੀ ਕਿਸੇ ਦ੍ਰਿੜ ਹੌਂਸਲੇ ਨਾਲ ਅੱਗੇ ਵੱਧਦੇ ਜਾ ਰਹੇ ਸਨ।

ਕਦੀ-ਕਦੀ ਅਸਮਾਨ ਵਿਚ ਬਿਜਲੀ ਚਮਕਣ ਨਾਲ ਗੁਰੂਜੀ ਨੂੰ ਮਾਰਗ ਦ੍ਰਿਸ਼ਟਮਾਨ ਹੋ ਰਿਹਾ ਸੀ। ਉਚੇ ਨੀਵੇਂ, ਟੇਢੇ-ਮੇਢੇ ਇਲਾਕਿਆਂ ਨੂੰ ਪਾਰ ਕਰਦੇ ਸਮੇਂ ਦੋਵੇਂ ਸੇਵਕ ਵੀ ਵਿਛੜ ਗਏ। ਗੁਰੂਜੀ ਪੂਰੀ ਰਾਤ ਚਲਦੇ ਹੀ ਰਹੇ। ਜਦ ਤੱਕ ਕਿ ਮਾਛੀਵਾੜਾ ਪਿੰਡ ਦਿਖਾਈ ਨਾ ਦਿੱਤਾ। ਹੁਣ ਗੁਰੂਜੀ ਦੁਸ਼ਮਣ ਤੋਂ ਦੂਰ ਪਿੰਡ ਦੇ ਬਾਹਰ ਇੱਕ ਬਗੀਚੇ ਵਿਚ ਸਨ। ਇਹ ਬਾਗ ਗੁਲਾਬੇ ਮਸੰਦ (ਮਿਸ਼ਨਰੀ) ਦਾ ਸੀ। ਇਸ ਬਾਗ ਵਿਚ ਇਕ ਹਲਟ ਵਾਲਾ ਖੂਹ ਸੀ, ਜਿਸ ਨੂੰ ਸਵੇਰ ਵੇਲੇ ਬਗੀਚੇ ਦਾ ਮਾਲੀ ਚਲਾ ਰਿਹਾ ਸੀ। ਗੁਰੂਜੀ ਨੇ ਖੂਹ ਤੇ ਹੱਥ ਮੂੰਹ ਧੋਇਆ, ਤਾਂ ਉਸ ਮਾਲੀ ਨੇ ਗੁਰੂਜੀ ਨੂੰ ਪਛਾਣ ਲਿਆ। ਮਾਲੀ ਨੇ ਗੁਰੂਜੀ ਨੂੰ ਇਸ ਖੂਹ ਦੇ ਨੇੜੇ ਬਣੀ ਹੋਈ ਝੌਂਪੜੀ ਵਿਚ ਆਰਾਮ ਕਰਨ ਦੀ ਬੇਨਤੀ ਕੀਤੀ। ਗੁਰੂਜੀ ਨੇ ਹਲਟ ਦੀ ਪੁਰਾਣੀ ਟਿੰਡ ਨੂੰ ਆਪਣਾ ਸਰਹਾਣਾ ਬਣਾਇਆ ਅਤੇ ਉਸ ਮਾਲੀ ਦੀ ਚਟਾਈ ਤੇ ਲੇਟ ਗਏ। ਮਾਲੀ ਆਪਣੇ ਮਾਲਕ ਗੁਲਾਬੇ ਮਸੰਦ ਨੂੰ ਸੂਚਨਾ ਦੇਣ ਚਲਾ ਗਿਆ ਕਿ ਉਸਦੇ ਬਗੀਚੇ ਵਿਚ ਗੁਰੂ ਗੋਬਿੰਦ ਸਿੰਘ ਜੀ ਪਧਾਰੇ ਹਨ। ਏਨੇ ਸਮੇਂ ਵਿਚ ਵਿਛੜੇ ਹੋਏ ਸਿੰਘ ਗੁਰੂ ਸਾਹਿਬ ਨੂੰ ਲੱਭਦੇ ਹੋਏ ਉਥੇ ਪਹੁੰਚ ਗਏ। ਉਨ੍ਹਾਂ ਨੇ ਗੁਰੂਜੀ ਦੇ ਸਤਿਕਾਰ ਤੇ ਸੁਆਗਤ ਲਈ ਫਤਹਿ ਬੁਲਾਈ ।

“ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।“ ਗੁਰੂਜੀ ਚੇਤੰਨ ਹੋਏ। ਉਨ੍ਹਾਂ ਨੇ ਵੀ ਜਵਾਬ ਵਿਚ ਜੈਕਾਰਾ ਬੁਲੰਦ ਕੀਤਾ।

ਗੁਲਾਬਾ ਮਸੰਦ ਸੂਚਨਾ ਮਿਲਦਿਆਂ ਹੀ ਗੁਰੂਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਸਾਰਿਆਂ ਨੂੰ ਆਪਣੇ ਘਰ ਲੈ ਗਿਆ। ਉਸਨੇ ਗੁਰੂਜੀ ਦਾ ਭਰਪੂਰ ਸੁਆਗਤ ਕੀਤਾ ਪਰ ਅੰਦਰੋਂ ਉਹ ਮੁਗਲ ਪ੍ਰਸ਼ਾਸਨ ਤੋਂ ਡਰ ਵੀ ਰਿਹਾ ਸੀ ਕਿ ਦੁਸ਼ਮਣ ਨੂੰ ਸੂਹ ਨਾ ਮਿਲ ਜਾਵੇ ਕਿ ਗੁਰੂਜੀ ਮੇਰੇ

ਕੋਲ ਪਧਾਰੇ ਹਨ। ਅਖੀਰ ਉਸਨੇ ਗੁਰੂਜੀ ਅਤੇ ਸਿੱਖਾਂ ਨੂੰ ਘਰ ਦੇ ਤਹਿਖਾਨੇ ਵਿਚ ਨਿਵਾਸ ਕਰਵਾਇਆ।

ਅਨੁਵਾਦਕ : ਬੀਬੀ ਸਤਬੀਰ ਕੌਰ

ਲੇਖਕ-ਜਸਵੀਰ ਸਿੰਘ

Ph. : (0172-2696891), 09988160484

**ਸਮਾਪਤ**

Download Free

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

E-mail : info@sikhworld.info
&
jasbirsikhworldinfo@gmail.com

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ੂਰੂਰ ਦੇਖੋ ਅਤੇ ਪੜੋ ਜੀ।

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਕ ਵਿਸਾਲ ਸਿੱਖ ਸੰਗ੍ਰਹਾਲਯ (Museum)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

ਨੋਟ :- ਇਹ ਕਮ ਬੱਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

ਨੋਟ:-

1. ਜੇਕਰ ਕੋਈ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।

**Download Free**